ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030207
Available online at: www.armaan.org.in
DOI: https://doi.org/10.64119/armaan.vol.3.issue2.07

# MINNI KAHANI ATE DOOJE GALPI ROOPAKAAR: TULNATMAK ADHIYAIN

# ਮਿੰਨੀ ਕਹਾਣੀ ਅਤੇ ਦੂਜੇ ਗਲਪੀ ਰੂਪਾਕਾਰ: ਤੁਲਨਾਤਮਕ ਅਧਿਐਨ

**ਡਾ. ਗੁਰਪ੍ਰੀਤ ਸਿੰਘ** (Dr. Gurpreet Singh)

**ਸਹਾਇਕ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)

**ਕਾਮਰਸ ਵਿਭਾਗ, ਬਾਬਾ ਫ਼ਰੀਦ ਕਾਲਜ, ਦਿਉਣ, ਬਠਿੰਡਾ (ਪੰਜਾਬ)।**

Email ID: gurpreet.oasis@gmail.com **ਮੋਬਾਈਲ**: +91-96466-00666

**ਸਾਰ (Abstract)**

*ਤੁਲਨਾਤਮਕ ਅਧਿਐਨ ਕਿਸੇ ਵਿਚਾਰ, ਵਸਤੂ, ਸੰਕਲਪ ਜਾਂ ਵਰਤਾਰੇ ਨੂੰ ਚਾਰੇ ਦਿਸ਼ਾਵਾਂ ਤੋਂ ਸਮਝਣ ਜਾਣਨ ਦੀ ਕਾਰਗਰ ਵਿਧੀ ਹੈ। ਵਿਸ਼ੇਸ਼ ਕਰਕੇ ਸਾਹਿਤਕ ਵਿਧਾਵਾਂ ਨੂੰ ਇਤਿਹਾਸਕ, ਸੰਰਚਨਾ ਅਤੇ ਥੀਮਕ ਪੱਖ ਤੋਂ ਜਾਣਨ ਲਈ ਤੁਲਨਾਤਮਕ ਵਿਧੀ ਢੁਕਵਾਂ ਸੰਦ ਹੈ। ਇਸ ਖੋਜ ਕਾਰਜ ਵਿਚ ਮਿੰਨੀ ਕਹਾਣੀ ਦੀ ਸਰਵਪੱਖੀ ਸਮਝ ਲਈ ਮਿੰਨੀ ਕਹਾਣੀ ਨੂੰ ਦੂਜੇ ਗਲਪੀ ਰੂਪਾਂ ਨਾਵਲ, ਨਿੱਕੀ ਕਹਾਣੀ ਅਤੇ ਨਾਵਲੈੱਟ ਨਾਲ ਤੁਲਨਾਅ ਕੇ ਵਿਚਾਰਿਆ ਗਿਆ ਹੈ। ਮਿੰਨੀ ਕਹਾਣੀ ਨਵਾਂ ਗਲਪੀ ਰੂਪਾਕਾਰ ਹੋਣ ਕਰਕੇ ਇਸ ਦੀ ਕੋਈ ਸੰਪੂਰਨ ਪਰਿਭਾਸ਼ਾ ਹਾਲੇ ਤੱਕ ਪ੍ਰਾਪਤ ਨਹੀਂ ਹੈ। ਭਾਵੇ ਅੰਤਿਮ ਪਰਿਭਾਸ਼ਾ ਅਸੰਭਵ ਹੈ ਪ੍ਰੰਤੂ ਮਿੰਨੀ ਕਹਾਣੀ ਦੀ ਕਲਾਤਮਕਤਾ, ਇਸ ਦਾ ਸ਼ਿਲਪ ਵਿਧਾਨ ਅਤੇ ਇਸ ਲਈ ਵਰਤੇ ਜਾ ਸਕਣ ਵਾਲੇ ਵਿਸ਼ਾ-ਵਸਤੂ ਦਾ ਜਾਇਜ਼ਾ ਲੈਣ ਲਈ ਇਸ ਨੂੰ ਦੂਜੇ ਪ੍ਰਚੱਲਤ ਗਲਪੀ ਰੂਪਾਕਾਰਾਂ ਨਾਲ ਤੁਲਨਾਇਆ ਗਿਆ ਹੈ ਅਤੇ ਮਿੰਨੀ ਕਹਾਣੀ ਦਾ ਗਲਪ ਸੰਸਾਰ ਵਿਚ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਖੋਜ ਕਾਰਜ ਲਈ ਖੋਜ ਦੀ ਮਿਸ਼ਰਿਤ ਵਿਧੀ (Mixed Methodology) ਦੀ ਵਰਤੋਂ ਕੀਤੀ ਗਈ ਹੈ ਜਿਸ ਤਹਿਤ ਗਿਣਾਤਮਕ ਵਿਧੀ (Quantitative Method) ਰਾਹੀਂ ਮਿੰਨੀ ਕਹਾਣੀ ਦੀ ਇਤਿਹਾਸਕ ਰੂਪ-ਰੇਖਾ ਨੂੰ ਜਾਣਿਆ ਗਿਆ ਹੈ। ਗੁਣਾਤਮਕ ਵਿਧੀ (Qualitative Method) ਰਾਹੀਂ ਮਿੰਨੀ ਕਹਾਣੀ ਦੇ ਸ਼ਿਲਪ ਵਿਧਾਨ ਨੂੰ ਜਾਣਿਆ ਗਿਆ ਹੈ। ਇਸ ਖੋਜ ਕਾਰਜ ਲਈ ਬੁਨਿਆਦੀ ਰੂਪ ਵਿਚ ਤੁਲਨਾਤਮਕ ਵਿਧੀ (Comparative Method) ਦੀ ਵਰਤੋਂ ਹੋਈ ਹੈ।*

***ਕੀਵਰਡ (Keyword): ਮਿੰਨੀ ਕਹਾਣੀ, ਨਿੱਕੀ ਕਹਾਣੀ, ਨਾਵਲ, ਨਾਵਲੈੱਟ, ਤੁਲਨਾਤਮਕ ਸਾਹਿਤ, ਵਿਧੀ, ਟੈਕਨਾਲੋਜੀ, ਲਘੂ ਵਾਰਤਕ, ਲਿਖਤ।***

ਆਮ ਸ਼ਬਦਾਵਲੀ ਵਿਚ ਤੁਨਾਤਮਕ ਅਧਿਐਨ ਦੋ ਜਾਂ ਦੋ ਤੋਂ ਵੱਧ ਸੰਕਲਪਾਂ/ਵਿਚਾਰਾਂ/ਵਰਤਾਰਿਆਂ ਦੀ ਅੰਦਰੂਨੀ ਸੰਰਚਨਾ ਅਤੇ ਬਾਹਰੀ ਢਾਂਚੇ ਦੀ ਤੁਲਨਾ ਹੁੰਦੀ ਹੈ। ਇਸ ਪ੍ਰਕਾਰ ਦੀ ਤੁਲਨਾ ਕੇਵਲ ਕਿਸੇ ਇਕ ਸੰਕਲਪ/ਵਿਚਾਰ/ਵਰਤਾਰੇ ਨੂੰ ਬਿਹਤਰ ਠਹਿਰਾਉਣ ਲਈ ਨਹੀਂ ਸਗੋਂ ਇਹਨਾਂ ਦੇ ਵਿਭਿੰਨ ਪਸਾਰਾਂ ਅਤੇ ਵਿਭਿੰਨ ਗੁਣਾਂ/ਔਗੁਣਾਂ ਬਾਰੇ ਜਾਣਨ ਲਈ ਵੀ ਅਹਿਮੀਅਤ ਰੱਖਦੀ ਹੈ। ਸਾਹਿਤ ਦੇ ਸੰਦਰਭ ਵਿਚ ਦੋ ਸਾਹਿਤਕ ਇਕਾਈਆਂ ਦੀ ਤੁਲਨਾ, ਉਹਨਾਂ ਵਿਚੋਂ ਕਿਸੇ ਇਕ ਦੀ ਸੰਰਚਨਾ ਅਤੇ ਥੀਮ ਨੂੰ ਕੇਵਲ ਬਿਹਤਰ ਸਾਬਤ ਕਰਨ ਤੱਕ ਮਹਿਦੂਦ ਨਹੀਂ ਰਹਿੰਦੀ ਸਗੋਂ ਇਸ ਨਾਲ ਰਾਸ਼ਟਰਾਂ ਦੇ ਸਮਾਜ-ਸਭਿਆਚਾਰਕ ਪ੍ਰਸੰਗਾਂ ਨੂੰ ਤਰਕ ਅਤੇ ਵਿਗਿਆਨ ਦੀ ਕਸਵੱਟੀ ਉੱਪਰ ਰੱਖ ਕੇ ਪਰਖਿਆ ਜਾਂਦਾ ਹੈ ਅਤੇ ਇਹਨਾਂ ਦੋਨਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਚਾਰਿਆ ਜਾਂਦਾ ਹੈ। ਇਸ ਨਾਲ ਇਹਨਾਂ ਮਦਾਂ ਪ੍ਰਤੀ ਗਿਆਨ ਅਤੇ ਨਜ਼ਰੀਏ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਕੁਲਦੀਪ ਸਿੰਘ ਧੀਰ ਦਾ ਵਿਚਾਰ ਹੈ ਕਿ,

> *"ਚਾਹੇ ਸਿੱਧੇ ਭਾਸ਼ਾਈ ਗਿਆਨ ਦੁਆਰਾ ਕੀਤੇ ਜਾਣ ਵਾਲੇ ਚਾਹੇ ਅਨੁਵਾਦ ਦੇ ਜ਼ਰੀਏ, ਤੁਲਨਾਤਮਕ ਅਧਿਐਨ ਸਾਹਿਤਕ ਧਾਰਾਵਾਂ/ਅੰਦੋਲਨਾਂ, ਵਾਦਾਂ ਅਤੇ ਰੂਪਾਕਾਰਾਂ ਬਾਰੇ ਸਾਨੂੰ ਗੰਭੀਰ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਨ ਵਿਚ ਮੱਦਦ ਕਰ ਸਕਦੇ ਹਨ। ਇਸ ਨਾਲ ਬਿਰਤਾਂਤ ਦੀਆਂ ਤਕਨੀਕਾਂ ਦੀ ਸਾਡੀ ਸਮਝ ਵਿਚ ਵਾਧਾ ਹੋਵੇਗਾ। ਕਲਪਨਾ ਅਤੇ ਸਿਰਨਾਤਮਕਤਾ ਦੀਆਂ ਪ੍ਰਕਿਰਿਆਵਾਂ ਬਾਰੇ ਕੁਝ ਨਵਾਂ ਪਤਾ ਲੱਗ ਸਕੇਗਾ। ਸਾਹਿਤ ਵਿਆਖਿਆ ਦੇ ਨਵੇਂ ਪ੍ਰਤੀਮਾਨ ਤੁਲਨਾ ਆਸਰੇ ਹੀ ਸਥਾਪਤ ਹੋ ਸਕਣਗੇ।* [1]

 Received: 13 May 2025 Accepted: 05 June 2025 Published: 13 June 2025

'ਤੁਲਨਾਤਮਕ ਸਾਹਿਤ' ਬੁਨਿਆਦੀ ਰੂਪ ਵਿਚ ਤੁਲਨਾਤਮਕ ਅਧਿਐਨ ਦਾ ਹੀ ਪੁਰਾਣਾ ਰੂਪ ਹੈ। ਇਸ ਵਿਚ ਦੋ ਸਾਹਿਤਕ ਰੂਪਾਕਾਰਾਂ ਦੀਆਂ ਪੇਸ਼ਕਾਰੀ ਸੰਬੰਧੀ ਜੁਗਤਾਂ ਅਤੇ ਵਰਤੇ ਜਾਣ ਵਾਲੇ ਵਿਸ਼ਾ-ਵਸਤੂ ਨੂੰ ਵਿਚਾਰਨਾ ਹੁੰਦਾ ਹੈ। ਵਿਸ਼ਾ-ਵਸਤੂ ਦੇ ਪੱਖ ਤੋਂ ਇਹਨਾਂ ਵਿਚ ਮਨੁੱਖੀ ਸਮਾਜ ਦੇ ਅੰਦਰੂਨੀ ਅਤੇ ਬਾਹਰਵਰਤੀ ਢਾਂਚਿਆਂ ਦੀ ਤੁਲਨਾ ਕੀਤੀ ਜਾਂਦੀ ਹੈ। ਇਸ ਤੁਲਨਾ ਦਾ ਉਦੇਸ਼ ਬਿਹਤਰ ਰੂਪਾਕਾਰ ਦੀ ਤਲਾਸ਼ ਕਰਨ ਦੀ ਬਜਾਏ ਰੂਪਾਕਾਰਕ ਜੁਗਤਾਂ/ਤਕਨੀਕਾਂ ਅਤੇ ਥੀਮਕ ਪਸਾਰਾਂ ਵਿਚਲੀ ਸਮਾਜ-ਸਭਿਆਚਾਰਕ ਪਿੱਠਭੂਮੀ ਦੇ ਵਿਭਿੰਨ ਪੱਖਾਂ ਜਾਂ ਪਰਤਾਂ ਦੀ ਪਛਾਣ ਕਰਨੀ ਹੁੰਦੀ ਹੈ। ਇਸ ਤੁਲਨਾ ਨਾਲ ਸਾਹਿਤਕ ਰੂਪਾਕਾਰਾਂ ਪ੍ਰਤੀ ਅੰਤਰਦ੍ਰਿਸ਼ਟੀਆਂ ਪੈਦਾ ਹੁੰਦੀਆਂ ਹਨ ਅਤੇ ਨਜ਼ਰੀਆ ਵਿਸ਼ਾਲ ਹੁੰਦਾ ਹੈ। ਹੱਥਲੇ ਖੋਜ ਨਿਬੰਧ ਵਿਚ ਮਿੰਨੀ ਕਹਾਣੀ ਦੀ ਦੂਸਰੇ ਗਲਪੀ ਰੂਪਾਕਾਰਾਂ ਨਾਲ ਤੁਲਨਾ ਕੀਤੀ ਜਾ ਰਹੀ ਹੈ।

ਮਿੰਨੀ ਕਹਾਣੀ ਦੀ ਅੰਦਰੂਨੀ ਅਤੇ ਬਹਿਰੂਨੀ ਸੰਰਚਨਾ (ਥੀਮਕ ਅਤੇ ਸੰਰਚਨਾਤਮਕ ਪਸਾਰ) ਨੂੰ ਪਰਿਭਾਸ਼ਤ ਕਰਦਿਆਂ ਵਿਦਵਾਨਾਂ ਨੇ ਪੰਜਾਬੀ ਦੀ ਮਿੰਨੀ ਕਹਾਣੀ ਵਿਚਲਾ ਸ਼ਬਦ ਮਿੰਨੀ ਅੰਗਰੇਜ਼ੀ ਦੇ ਸ਼ਬਦ Minim ਤੋਂ ਆਇਆ ਮੰਨਿਆ ਹੈ ਜਿਸ ਨੂੰ ਕਿ ਪੰਜਾਬੀ ਵਿਚ Minni/ਮਿਨੀ (ਅਸਲ ਰੂਪ) ਦੀ ਜਗ੍ਹਾ ਮਿੰਨੀ (ਤਦਭਵ ਰੂਪ) ਵਜੋਂ ਵਰਤਿਆ ਗਿਆ ਹੈ। ਜਿਸ ਤਰ੍ਹਾਂ ਪੰਜਾਬੀ ਵਿਚ ਮਿੰਨੀ ਬੱਸ, ਮਿੰਨੀ ਲਾਇਬ੍ਰੇਰੀ ਲਘੂ ਆਕਾਰ ਦੀ ਬੱਸ ਜਾਂ ਲਘੂ ਲਾਇਬ੍ਰੇਰੀ ਵਾਸਤੇ ਵਰਤਿਆ ਗਿਆ, ਉਸ ਤਰ੍ਹਾਂ ਮਿੰਨੀ ਕਹਾਣੀ ਲਘੂ ਕਥਾ ਲਈ ਵਰਤਿਆ ਗਿਆ। ਮਿੰਨੀ ਕਹਾਣੀ ਨੂੰ ਹਿੰਦੀ ਵਿਚ 'ਲਘੂ ਕਥਾ' ਜਾਂ 'ਬਿੰਦੂ ਕਹਾਨੀ' ਕਿਹਾ ਜਾਂਦਾ ਹੈ, ਅੰਗਰੇਜ਼ੀ ਵਿਚ 'One Page Story' ਜਾਂ 'Half Page Story' ਅਤੇ ਉਰਦੂ ਵਿਚ 'ਅਫ਼ਸਾਨਾ' ਕਿਹਾ ਜਾਂਦਾ ਹੈ। ਕਰਮਵੀਰ ਸਿੰਘ ਅਨੁਸਾਰ,

> *"ਮਿੰਨੀ ਸ਼ਬਦ ਦਾ ਸਮਾਨਾਰਥਕ ਸ਼ਬਦ ਛੋਟਾ, ਸੂਖ਼ਮ, ਨਿੱਕਾ, ਬੌਣਾ ਆਦਿ ਹੈ। ਹਿੰਦੀ ਵਿਚ ਸਭ ਤੋਂ ਨਿੱਕੀ ਕਹਾਣੀ ਲਈ ਸ਼ਬਦ 'ਬਿੰਦੂ ਕਹਾਣੀ' ਵਰਤਿਆ ਜਾਂਦਾ ਹੈ, ਜਿਹੜਾ ਮਿੰਨੀ ਕਹਾਣੀ ਦੇ ਵਾਰਤਾਲਾਪੀ ਅਥਵਾ ਨਾਟਕੀ ਤੱਤਾਂ, ਪ੍ਰਤੀਕਾਂ, ਗਲਪੀ ਬਿੰਬਾਂ, ਭਾਸ਼ਾਈ ਜੁਗਤਾਂ, ਸ਼ਿਲਪੀ ਵਿਧੀਆਂ ਅਤੇ ਹੋਰ ਸੰਚਾਰ ਪ੍ਰਬੰਧਾਂ ਉੱਤੇ ਨਿਰੰਤਰ ਪ੍ਰਭਾਵ ਪਾਉਂਦਾ ਹੈ। ਮਿੰਨੀ ਸ਼ਬਦ ਵਿਚ ਹੀ ਇਸ ਦਾ ਸਮੁੱਚ ਸਮੋਇਆ ਪਿਆ ਹੈ।"* [2]

ਸ਼ੁਰੂਆਤੀ ਦੌਰ ਵਿਚ ਪੰਜਾਬੀ ਮਿੰਨੀ ਕਹਾਣੀ ਵਾਰਤਕ ਟੁਕੜੇ ਜਾਂ ਲਘੂ ਵਿਚਾਰ ਜਾਂ ਨਿੱਕੇ-ਨਿੱਕੇ ਖਿਆਲ ਸਨ ਜੋ ਉਸ ਸਮੇਂ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪਦੇ ਸਨ। ਇਸ ਨੂੰ ਕਈ ਪ੍ਰਾਚੀਨ ਰੂਪਾਂ, ਵਿਅੰਗ ਰਚਨਾਵਾਂ, ਚੁਟਕਲਿਆਂ, ਆਦਿ ਨਾਲ ਜੋੜਿਆ ਜਾਂਦਾ ਰਿਹਾ ਹੈ ਕਿਉਂਕਿ ਇਹਨਾਂ ਵਿਚਲੇ ਬਹੁਤ ਸਾਰੇ ਲੱਛਣ ਮਿਲਦੇ-ਜੁਲਦੇ ਸਨ। ਸਿਧਾਂਤਕ ਪੱਧਰ 'ਤੇ ਇਸ ਦਾ ਵਿਕਾਸ ਬਹੁਤ ਬਾਅਦ ਵਿਚ ਹੋਇਆ। ਅਕਾਦਮਿਕ ਦ੍ਰਿਸ਼ਟੀ ਤੋਂ ਇਸ ਦੀ ਉੱਤਪਤੀ ਨਿੱਕੀ ਕਹਾਣੀ ਵਾਂਗ ਜਨਮ ਸਾਖੀਆਂ ਅਤੇ ਹੋਰ ਮੱਧਕਾਲੀ/ਪ੍ਰਾਚੀਨ ਕਥਾ ਰੂਪਾਂ ਵਿਚੋਂ ਹੋਈ ਕਹੀ ਜਾ ਸਕਦੀ ਹੈ। ਜਗਦੀਸ਼ ਅਰਮਾਨੀ ਅਨੁਸਾਰ,

> *"ਪੰਜਾਬੀ ਮਿੰਨੀ ਕਹਾਣੀ ਦਾ ਪ੍ਰਾਰੰਭ ਭਾਈ ਮਨੀ ਸਿੰਘ ਦੀਆਂ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਲਗਭਗ 1710 ਤੋਂ 1735 ਦੌਰਾਨ ਲਿਖੀਆਂ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਪੁਸਤਕਾਂ 'ਚ ਅੰਕਿਤ ਸਾਹਿਤਕ ਕ੍ਰਿਤੀਆਂ ਤੋਂ ਮੰਨਣਾ ਹੋਵੇਗਾ।"* [3]

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪੰਜਾਬੀ ਸਾਹਿਤ ਦੀ ਦੁਨੀਆ ਵਿਚ ਪ੍ਰਯੋਗਵਾਦੀ ਲਹਿਰ ਤਹਿਤ ਇਸ ਦਾ ਸਿਧਾਂਤਕ ਵਿਕਾਸ ਹੋਇਆ। ਨਿੱਕੀ ਕਹਾਣੀ ਨੂੰ ਹੋਰ ਨਿੱਕੀ ਕਰਕੇ ਮਿੰਨੀ ਕਹਾਣੀ ਨਹੀਂ ਬਣਾਇਆ ਜਾ ਸਕਦਾ ਸਗੋਂ ਮਿੰਨੀ ਕਹਾਣੇ ਦਾ ਵਿਸ਼ੇਸ਼ ਸ਼ਿਲਪ ਵਿਕਸਿਤ ਹੋ ਚੁੱਕਾ ਹੈ। ਗਲਪ ਦਾ ਇਹ ਲੱਛਣ ਹੈ ਕਿ ਇਹ ਮਨੁੱਖੀ ਜੀਵਨ ਦੇ ਆਲੇ-ਦੁਆਲੇ ਦੇ ਵਿਭਿੰਨ ਪਸਾਰਾਂ ਪ੍ਰਤੀ ਉਸ ਦੇ ਮਨ ਦੇ ਭਾਵਾਂ ਦੀ, ਬੌਧਿਕ ਦ੍ਰਿਸ਼ਟੀਕੋਣ ਤੋਂ, ਕਲਪਨਾ ਦੇ ਰੰਗਾਂ ਦੁਆਰਾ, ਸਮੱਗਰ ਰੂਪ ਵਿਚ ਕਲਾਤਮਕ ਪੇਸ਼ਕਾਰੀ ਕਰਦਾ ਹੈ। ਇਸ ਕਰਕੇ ਗਲਪੀ ਸਾਂਝ ਹੋਣ ਕਰਕੇ ਇਹ ਇਕੋ ਜਿਹੇ ਸਰੂਪ ਵਾਲੇ ਜਾਪਦੇ ਹਨ ਪਰ ਨਿੱਕੀ ਕਹਾਣੀ ਅਤੇ ਮਿੰਨੀ ਕਹਾਣੀ ਵਿਚ ਢੇਰ ਅੰਤਰ ਹਨ। ਮੁੱਢਲੇ ਪੜਾਅ 'ਤੇ ਇਹ ਸਿਧਾਂਤਕ ਰੂਪ ਵਿਚ ਪੰਜਾਬੀ ਮਿੰਨੀ ਕਹਾਣੀ ਵਾਂਗ ਵਿਕਸਿਤ ਨਹੀਂ ਹੋ ਸਕੀ ਸੀ। ਮੁੱਢਲੇ ਪੜਾਅ ਵਿਚ ਜਗਦੀਸ਼ ਅਰਮਾਨੀ, ਅਵਤਾਰ ਐਨਗਿਲ, ਪ੍ਰਿੰਸੀਪਲ ਇਕਬਾਲਦੀਪ, ਗੁਰਮੇਲ ਮਡਾਹੜ, ਹਰਬੀਰ ਸਿੰਘ ਭੰਵਰ, ਡਾ. ਵਣਜਾਰਾ ਬੇਦੀ, ਡਾ. ਸ.ਸ. ਸੇਠੀ, ਡਾ. ਤੇਜਵੰਤ ਮਾਨ, ਸੁਖਬੀਰ, ਦਲੀਪ ਕੌਰ ਟਿਵਾਣਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰਾਮ ਸਰੂਪ ਅਣਖੀ, ਅਮਰ ਸਿੰਘ, ਦੀਪ ਰੋਹਿਨੀ, ਸਰਦਾਰ ਬੱਸਰਾ ਆਦਿ ਦੀਆਂ ਰਚਨਾਵਾਂ ਭਾਵੇਂ ਸਿਧਾਂਤਕ ਰੂਪ ਵਿਚ ਮਿੰਨੀ ਕਹਾਣੀ ਨਹੀਂ ਸਨ ਪਰ ਇਹ ਲਘੂ ਕਥਾਵਾਂ ਮਿੰਨੀ ਕਹਾਣੀ ਵਰਗੀਆਂ ਸਨ। ਸਤਵੰਤ ਕੈਂਥ, ਭੁਪਿੰਦਰ ਸਿੰਘ PCS ਅਤੇ ਦਵਿੰਦਰ ਸਤਿਆਰਥੀ ਨੇ ਚੇਤੰਨ ਰੂਪ ਵਿਚ ਮਿੰਨੀ ਕਹਾਣੀ ਦੀ ਰਚਨਾ ਸ਼ੁਰੂ ਕੀਤੀ।

ਟੈਕਨਾਲੋਜੀ ਦੇ ਯੁੱਗ ਵਿਚ ਮਨੁੱਖ ਦੀ ਮਾਨਸਿਕਤਾ ਲਘੂ ਅਕਾਰ ਦੀਆਂ ਵਸਤੂਆਂ ਪਸੰਦ ਕਰਦੀ ਹੈ। ਜਿਵੇਂ ਕਿਸੇ ਸਮੇਂ ਪ੍ਰਚੱਲਤ ਪੂਰੀ ਲੰਬਾਈ ਵਾਲੀਆਂ

ਫ਼ਿਲਮਾਂ, ਬਾਅਦ ਵਿਚ ਲਘੂ ਫ਼ਿਲਮਾਂ ਅਤੇ ਹੁਣ ਮੀਮ ਰੂਪੀ ਬਹੁਤ ਛੋਟੀਆਂ ਵੀਡੀਓ ਕਲਿੱਪਾਂ ਲੋਕਾਂ ਦੀ ਪਸੰਦ ਬਣਦੇ ਜਾ ਰਹੇ ਹਨ। ਇਸ ਦਾ ਕਾਰਨ ਰੁਝੇਵਿਆਂ ਭਰੀ ਜ਼ਿੰਦਗੀ ਅਤੇ ਥੋੜ੍ਹੇ ਸਮੇਂ ਵਿਚ ਮਨੋਰੰਜਨ ਦੀ ਚਰਮ ਸੀਮਾ ਤੱਕ ਪਹੁੰਚਣ ਦੀ ਕੋਸ਼ਿਸ਼ ਹਨ। ਇਹਨਾਂ ਹੀ ਕਾਰਨਾਂ ਕਰਕੇ ਸਾਹਿਤਕ ਰੂਪਾਕਾਰਾਂ ਵਿਚੋਂ ਮਿੰਨੀ ਕਹਾਣੀ ਲੋਕਪ੍ਰਿਅਤਾ ਹਾਸਲ ਕਰ ਗਈ ਹੈ। ਇਸ ਦਾ ਬਹੁਤ ਥੋੜ੍ਹੇ ਸਮੇਂ ਵਿਚ ਸੁਹਜ ਤ੍ਰਿਪਤੀ, ਕੁਝ ਨਵਾਂ ਸਿੱਖਣਾ/ਜਾਣਨਾ ਅਤੇ ਮਨੋਰੰਜਨ ਇਸ ਦਾ ਆਕਰਸ਼ਕ ਬਿੰਦੂ ਹੈ। ਵਿਅੰਗਾਤਮਕ ਸਰੂਪ ਵਾਲੀ ਮਿੰਨੀ ਕਹਾਣੀ ਪਾਠਕ ਨੂੰ ਆਪਣੀ ਸੰਕੇਤਕ ਅਤੇ ਪ੍ਰਤੀਕਾਤਮਕ ਭਾਸ਼ਾ ਨਾਲ ਝੰਜੋੜਦੀ ਹੈ। ਡਾ. ਹਰਨੇਕ ਸਿੰਘ ਕੋਮਲ ਆਪਣੇ ਲੇਖ 'ਮਿੰਨੀ ਕਹਾਣੀ ਦੀ ਰੂਪ-ਰੇਖਾ' ਵਿਚ ਕਹਿੰਦਾ ਹੈ ਕਿ,

> *"ਸੰਖੇਪਤਾ, ਤੀਬਰਤਾ, ਪ੍ਰਤੀਕਾਤਮਕਤਾ, ਪ੍ਰਭਾਵ ਦੀ ਅਖੰਡਤਾ, ਉਤੇਜਨਾ, ਤਿੱਖਾ ਵਿਅੰਗ, ਕਥਾ-ਰਸ ਆਦਿ ਕੁਝ ਅਜਿਹੇ ਗੁਣ-ਲੱਛਣ ਹਨ ਜੋ ਮਿੰਨੀ ਕਹਾਣੀ ਨੂੰ ਸਾਹਿੱਤਕ ਸ੍ਰੇਸ਼ਟਤਾ ਪ੍ਰਦਾਨ ਕਰਦੇ ਹਨ।"*[4]

ਇਹ ਲੱਛਣ ਪੰਜਾਬੀ ਮਿੰਨੀ ਕਹਾਣੀ ਵਿਚ ਵੀ ਸ਼ਾਮਲ ਹਨ। ਡਾ, ਅਮਰ ਕੋਮਲ ਦਾ ਵਿਚਾਰ ਹੈ ਕਿ,

> *"ਮਿੰਨੀ ਕਹਾਣੀ ਜ਼ਿੰਦਗੀ ਦੇ ਵਿਸ਼ਾਲ ਵਸਤੂ ਦਾ ਇਕ ਟੋਟਾ ਹੈ, ਜਿਸ ਵਿਚ ਥੋੜ੍ਹਾ ਕੁ ਵਰਨਣ, ਥੋੜ੍ਹਾ ਕੁ ਸੰਵਾਦ ਹੁੰਦਾ ਹੈ, ਜਿਸ ਦਾ ਤੇਜ਼ ਗਤੀ ਵਾਲਾ ਆਰੰਭ, ਮੱਧ ਅਤੇ ਅੰਤ ਹੁੰਦਾ ਹੈ, ਜਿਸ ਦੀ ਆਪਣੀ ਹਕੀਕਤ ਹੈ, ਜਿਸ ਦਾ ਆਪਣਾ ਦਰਸ਼ਨ ਹੈ, ਆਪਣੀ ਸ਼ੋਭਾ ਤੇ ਆਪਣੀ ਕਲਾ ਹੈ।"*[5]

ਨਿਰਸੰਦੇਹ, ਮਿੰਨੀ ਕਹਾਣੀ ਦੇ ਗੁਣ, ਲੱਛਣ ਜਾਂ ਤੱਤ ਨਿਰਧਾਰਤ ਕੀਤੇ ਗਏ ਹਨ ਜਿਵੇਂ ਇਹ ਲਘੂ ਆਕਾਰ ਦੀ ਹੁੰਦੀ ਹੈ, ਇਸ ਵਿਚ ਕਥਾ ਰਸ ਲਾਜ਼ਮੀ ਹੈ, ਇਹ ਸਮਾਜ ਜਾਂ ਮਨੁੱਖ ਦੇ ਜੀਵਨ ਵਿਚ ਉੱਭਰੀਆਂ ਵਿਸੰਗਤੀਆਂ ਨੂੰ ਵਿਅੰਗਾਤਮਕ ਸ਼ੈਲੀ ਵਿਚ ਰਚਦੀ ਹੈ, ਇਸ ਵਿਚ ਬੇਲੋੜਾ ਵਿਸਥਾਰ ਵਰਜਿਤ ਹੈ ਅਤੇ ਇਹ ਬਹੁਤ ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਸੰਖੇਪ ਰੂਪ ਵਿਚ (To the point) ਕਰ ਸਕਦੀ ਹੈ, ਇਸ ਵਿਚ ਸ਼ਾਬਦਿਕ ਅਤੇ ਵਿਸ਼ੈਗਤ ਸੰਜਮਤਾ ਹੁੰਦੀ ਹੈ, ਇਸ ਦਾ ਵਿਸ਼ਾ ਤੀਬਰਤਾ (Intensity) ਵਾਲਾ ਹੁੰਦਾ ਹੈ, ਪਲਾਟ ਜਾਂ ਕਥਾਨਕ ਦੀ ਇੱਕੋ ਪਰਤ ਉੱਪਰ ਲੇਖਕ ਦੀ ਇਕਾਗਰਤਾ ਹੁੰਦੀ ਹੈ, ਕਹਾਣੀ ਵਿਚਲੀ ਕਥਾ ਦੀ ਗਤੀ ਤੇਜ਼ (ਇਕਦਮ ਸ਼ੁਰੂ ਹੋ ਕੇ ਇਕਦਮ ਅੰਤ ਹੋ ਜਾਵੇ) ਵਾਲੀ ਹੂੰਦੀ ਹੈ, ਇਸ ਦਾ ਪਾਠਕਾਂ ਦੇ ਮਨ ਉੱਪਰ ਬੱਝਵਾਂ ਪ੍ਰਭਾਵ ਪੈਂਦਾ ਹੈ, ਇਸ ਵਿਚ ਸਮਾਂ, ਸਥਾਨ ਅਤੇ ਕਾਰਜ ਦੀ ਏਕਤਾ ਜ਼ਰੂਰੀ ਹੈ ਆਦਿ। ਇਸ ਤਰ੍ਹਾਂ ਗਾਲਪਨਿਕ ਢਾਂਚੇ ਦੀ ਦ੍ਰਿਸ਼ਟੀ ਤੋਂ ਮਿੰਨੀ ਕਹਾਣੀ ਦੇ ਹੋਰ ਗਾਲਪਨਿਕ ਰੂਪਾਕਾਰਾਂ ਨਾਲ ਸਾਂਝੇ ਤੱਤਾਂ ਕਥਾਨਕ (ਇਕਹਿਰਾ, ਕਸਵਾਂ, ਸਮਾਂ, ਸਥਾਨ ਤੇ ਕਾਰਜ ਦੀ ਏਕਤਾ ਵਾਲਾ, ਸੰਜਮਤਾ ਭਰਪੂਰ, ਤੀਖਣ, ਸਰਲ, ਸੂਖ਼ਮ), ਪਾਤਰ ਚਿਤਰਨ (ਦੋ ਜਾਂ ਤਿੰਨ ਪਾਤਰ, ਸੰਖੇਪ ਚਿਤਰਨ), ਵਾਰਤਾਲਾਪ (ਸੰਖੇਪ, ਭਾਵਪੂਰਤ, ਸੰਜਮਮਈ ਤੇ ਮੁਹਾਵਰੇਦਾਰ), ਵਾਤਾਵਰਣ ਚਿਤਰਨ (ਸਮਾਂ, ਸਥਾਨ ਅਤੇ ਕਾਰਜ ਦੇ ਅਨੁਕੂਲ, ਬੌਧਿਕ ਪੱਧਰ ਵਾਲਾ ਦ੍ਰਿਸ਼ ਚਿਤਰਨ), ਭਾਸ਼ਾ ਜਾਂ ਸ਼ੈਲੀ (ਸੁਹਜਮਈ ਅਤੇ ਸਾਰਥਕ ਭਾਸ਼ਾ, ਬਿਰਤਾਂਤਕ, ਯਥਾਰਥਵਾਦੀ, ਪ੍ਰਤੀਕਾਤਮਕ, ਨਾਟਕੀ, ਆਤਮਕਥਨ, ਪਰਕਥਨ, ਮਿਥਕੀ, ਵਿਅੰਗ, ਫੈਂਟੇਸੀ ਸ਼ੈਲੀ ਆਦਿ), ਉਦੇਸ਼ (ਰਾਜਨੀਤਕ, ਸਮਾਜਿਕ, ਸਭਿਆਚਾਰਕ, ਆਰਥਿਕ, ਸਾਹਿਤਕ ਉਦੇਸ਼) ਤੋਂ ਇਲਾਵਾ ਕੁਝ ਵਿਲੱਖਣ ਤੱਤ ਵੀ ਹਨ ਜਿਵੇਂ ਇਸ ਦਾ ਆਕਾਰ, ਵਿਅੰਗਾਤਮਕ ਸ਼ੈਲੀ, ਪ੍ਰਤੀਕ ਯੋਜਨਾ, ਉਤਸੁਕਤਾ ਵਾਲਾ, ਸੰਕੇਤਕ, ਲਘੂ ਸਿਰਲੇਖ ਆਦਿ ਹਨ। ਡਾ. ਹਰਨੇਕ ਸਿੰਘ ਕੋਮਲ ਅਨੁਸਾਰ,

> *"ਸੰਖੇਪਤਾ, ਤੀਬਰਤਾ, ਪ੍ਰਤੀਕਾਤਮਕਤਾ, ਪ੍ਰਭਾਵ ਦੀ ਅਖੰਡਤਾ, ਉਤੇਜਨਾ, ਤਿੱਖਾ ਵਿਅੰਗ, ਕਥਾ ਰਸ ਆਦਿ ਕੁਝ ਅਜਿਹੇ ਗੁਣ-ਲੱਛਣ ਹਨ ਜੋ ਮਿੰਨੀ ਕਹਾਣੀ ਨੂੰ ਸਾਹਿਤਕ ਸ੍ਰੇਸ਼ਟਤਾ ਪ੍ਰਦਾਨ ਕਰਦੇ ਹਨ।"*[6]

ਮਿੰਨੀ ਕਹਾਣੀ ਲਈ ਨਾ ਕੋਈ ਵਿਸ਼ਾ ਵਰਜਿਤ ਹੈ ਅਤੇ ਨਾ ਹੀ ਰਾਖਵਾਂ। ਇਹਨਾਂ ਵਿਸ਼ੇਸ਼ਤਾਵਾਂ ਕਰਕੇ ਹੀ ਮਿੰਨੀ ਕਹਾਣੀ ਨੂੰ ਲਘੂ ਵਾਰਤਕ ਰਚਨਾ ਅਤੇ ਗਲਪ ਦੇ ਦੂਸਰੇ ਰੂਪਾਕਾਰਾਂ ਨਾਲੋਂ ਵਖਰਿਆ ਕੇ ਵਿਚਾਰਿਆ ਜਾਂਦਾ ਹੈ। ਮਿੰਨੀ ਕਹਾਣੀ ਦੀ ਨਿੱਕੀ ਕਹਾਣੀ, ਨਾਵਲ ਅਤੇ ਨਾਵਲੈੱਟ ਨਾਲ ਤੁਲਨਾ ਕਰਕੇ ਇਸ ਦੇ ਸ਼ਿਲਪ ਵਿਧਾਨ ਅਤੇ ਵਸਤੂ ਯਥਾਰਥ ਦੇ ਪੱਖਾਂ ਨੂੰ ਹੋਰ ਨਿਖਾਰ ਕੇ ਵੇਖਿਆ ਜਾ ਸਕਦਾ ਹੈ।

## ਮਿੰਨੀ ਕਹਾਣੀ ਅਤੇ ਨਿੱਕੀ ਕਹਾਣੀ ਦੀ ਤੁਲਨਾ

| ਲੜੀ ਨੰਬਰ | ਪੱਖ | ਮਿੰਨੀ ਕਹਾਣੀ | ਨਿੱਕੀ ਕਹਾਣੀ |
|---|---|---|---|
| 1 | **ਉਤਪਤੀ** | ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪ੍ਰਯੋਗਵਾਦੀ ਲਹਿਰ ਦੇ ਤਹਿਤ | ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪ੍ਰੈੱਸ ਦੀ ਆਮਦ ਨਾਲ |
| 2 | **ਵਿਕਾਸ** | ਭਾਰਤੀ ਜਾਂ ਪੰਜਾਬੀ ਲਘੂ ਕਥਾ ਰੂਪਾਂ ਦੇ ਪ੍ਰਭਾਵਾਂ ਹੇਠ | ਪੱਛਮੀ ਪ੍ਰਭਾਵਾਂ ਹੇਠ |

| | | | |
|---|---|---|---|
| ***ਜਗਦੀਸ਼ ਅਰਮਾਨੀ ਅਨੁਸਾਰ,*** *"ਪੰਜਾਬੀ ਸਾਹਿੱਤ ਵਿਚ ਮਿੰਨੀ ਕਹਾਣੀ ਹੀ ਇੱਕੋ ਇਕ ਅਜਿਹਾ ਰੂਪਾਕਾਰ ਹੈ, ਜਿਸ ਉੱਤੇ ਪੱਛਮ ਦਾ ਕੋਈ ਪ੍ਰਭਾਵ ਨਹੀਂ।"[7]* | | | |
| 3 | **ਅਕਾਰ** | ਲਗਭਗ 300 ਸ਼ਬਦ | ਲਗਭਗ 3000 ਸ਼ਬਦ |
| 4 | **ਵਿਸ਼ਾ-ਵਸਤੂ** | ਜ਼ਿੰਦਗੀ ਦਾ ਇਕ ਪਲ ਜਾਂ ਛਿਣ | ਜ਼ਿੰਦਗੀ ਦਾ ਇਕ ਅੰਸ਼ |
| 5 | **ਵਿਸਥਾਰ** | ਵਿਸਥਾਰ ਵਰਜਿਤ | ਵਿਸਥਾਰ ਦੀ ਆਗਿਆ |
| ***ਜਗਦੀਸ਼ ਅਰਮਾਨੀ ਅਨੁਸਾਰ*** *"ਵਿਸਥਾਰ ਤਾਂ ਕਹਾਣੀ ਲਈ ਵੀ ਮਾੜਾ ਹੈ, ਪਰੰਤੂ ਮਿੰਨੀ ਕਹਾਣੀ ਲਈ ਤਾਂ ਇਹ ਬਿਲਕੁਲ ਮਾਰੂ ਹੈ। ਮਿੰਨੀ ਕਹਾਣੀ ਇਕ ਵਾਕ ਦਾ ਤਾਂ ਕੀ, ਇਕ ਸ਼ਬਦ ਦਾ ਵਾਧੂ ਭਾਰ ਵੀ ਨਹੀਂ ਝੱਲ ਸਕਦੀ।"[8]* | | | |
| 6 | ਕਥਾਨਕ | ਸੰਜਮਤਾ ਵਾਲਾ | ਖੁੱਲ੍ਹਾ-ਡੁੱਲ੍ਹਾ |
| ***ਡਾ. ਅਨੂਪ ਸਿੰਘ ਅਨੁਸਾਰ*** *"ਉਹ ਰਚਨਾ ਹੀ ਸਫ਼ਲ ਮਿੰਨੀ ਕਹਾਣੀ ਮੰਨੀ ਜਾ ਸਕਦੀ ਹੈ ਜਿਸ ਵਿਚ ਅੱਖਰ, ਸ਼ਬਦ ਵਾਧਾ ਘਾਟਾ ਸੰਭਵ ਨਹੀਂ ਹੁੰਦਾ।"[9]* | | | |
| 7 | **ਪਾਠਕ ਉੱਪਰ ਪ੍ਰਭਾਵ** | ਤੀਖਣ ਪ੍ਰਭਾਵ/ ਛਿਣ-ਭੰਗਰ ਪ੍ਰਭਾਵ | ਧੀਮੀ ਗਤੀ ਦਾ ਪ੍ਰਭਾਵ/ ਇੱਕ ਪ੍ਰਭਾਵ |
| 8 | **ਪਾਤਰਾਂ ਦੀ ਗਿਣਤੀ** | ਦੋ ਜਾਂ ਤਿੰਨ | ਕਥਾਨਕ ਅਨੁਸਾਰ ਕਿੰਨੇ ਵੀ ਹੋ ਸਕਦੇ ਹਨ |
| 9 | **ਪਾਤਰ ਚਿਤਰਨ** | ਅਸੰਭਵ (ਕੇਵਲ ਵਾਰਤਾਲਾਪ ਜਾਂ ਸੰਕੇਤਾਂ ਨਾਲ ਸੰਭਵ) | ਸੰਭਵ |
| 10 | **ਬਿਰਤਾਂਤ ਦੀ ਚਾਲ** | ਤਿੱਖੀ ਅਤੇ ਤੇਜ਼ ਚਾਲ | ਸਧਾਰਨ ਚਾਲ (ਨਾ ਤੇਜ਼ ਅਤੇ ਨਾ ਧੀਮੀ) |
| ***ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ,*** *"ਮਿੰਨੀ ਕਹਾਣੀ ਵਿਚ ਘਟਨਾਵਾਂ ਦੇ ਨਾਟਕੀਪਣ, ਭਾਵਾਂ ਦੀ ਤੀਖਣਤਾ ਅਤੇ ਮਾਨਸਿਕ ਬਿਰਤੀ ਦੇ ਸੰਕੇਤ ਦਾ ਖਿਆਲ ਰੱਖਣਾ ਪੈਂਦਾ ਹੈ ਤਾਂ ਜੋ ਤੀਰ ਦੀ ਨੋਕ ਵਾਂਗ ਪਾਠਕ ਦੇ ਕਲੇਜੇ ਵਿਚ ਚੁਭ ਜਾਵੇ।"[10]* | | | |
| 11 | **ਘਟਨਾਵਾਂ** | ਸੰਕੇਤਕ ਰੂਪ ਵਿਚ | ਵਿਸਥਾਰਤ |
| 12 | **ਵਿਅੰਗ/ ਕਟਾਖ਼ਸ਼** | ਇਕ ਤੱਤ ਵਜੋਂ | ਇਕ ਗੁਣ ਵਜੋਂ |
| 13 | **ਵਾਰਤਾਲਾਪ** | ਕੇਵਲ ਕਥਾ ਦੇ ਪ੍ਰਵਾਹ ਲਈ ਲਾਜ਼ਮੀ | ਇਕ ਲਾਜ਼ਮੀ ਤੱਤ ਵਜੋਂ |
| 14 | **ਦ੍ਰਿਸ਼ ਸਿਰਜਨਾ** | ਬਹੁਤ ਘੱਟ ਮੌਕਿਆਂ 'ਤੇ | ਸੰਭਾਵੀ ਤੌਰ 'ਤੇ ਲਾਜ਼ਮੀ |
| 15 | **ਕਥਾ ਰਸ** | ਲਾਜ਼ਮੀ | ਲਾਜ਼ਮੀ |
| 16 | **ਸਮਾਂ, ਸਥਾਨ ਅਤੇ ਕਾਰਜ ਦੀ ਏਕਤਾ** | ਲਾਜ਼ਮੀ | ਲਾਜ਼ਮੀ |
| 17 | **ਕਾਲ** | ਬਹੁਤ ਘੱਟ ਮੌਕਿਆਂ ਤੇ ਪਿਛਲ ਝਾਤ ਦੀ ਜੁਗਤ ਦੀ ਵਰਤੋਂ | ਅਗਲ ਝਾਤ ਜਾਂ ਪਿਛਲ ਝਾਤ ਦੀ ਪੂਰਨ ਵਰਤੋਂ |
| 18 | **ਉਦੇਸ਼** | ਕੇਵਲ ਸੰਕੇਤ ਅਤੇ ਉਦੇਸ਼ ਪਾਠਕ ਆਪ ਪਛਾਣਦਾ ਹੈ | ਸਪੱਸ਼ਟ ਰੂਪ ਵਿਚ ਉਦੇਸ਼ ਦੀ ਹੋਂਦ |
| 19 | **ਸ਼ੈਲੀ-ਬੋਲੀ** | ਅਰਥ ਭਰਪੂਰ ਅਤੇ ਸੰਖੇਪ ਸ਼ਬਦਾਵਲੀ | ਅਸੀਮਤ ਸ਼ਬਦਾਵਲੀ |
| *ਮਿੰਨੀ ਕਹਾਣੀ ਵਿਚ ਭਾਵਾਂ ਨੂੰ ਪ੍ਰਗਟਾਉਣ ਲਈ ਅਰਥ-ਭਰਪੂਰ ਸ਼ਬਦਾਵਲੀ, ਗੱਲਬਾਤ, ਮੁਹਾਵਰਾ, ਲਕੋਕਤੀ ਅਤੇ ਚੁਸਤ ਸ਼ੈਲੀ ਦੀ ਵਰਤੋਂ ਹੁੰਦੀ ਹੈ।"[11]* | | | |
| 20 | **ਸਮਾਨ ਅਰਥੀ ਸ਼ਬਦ** | ਲਘੂ ਕਥਾ, ਬਿੰਦੂ ਕਹਾਣੀ, ਅਫ਼ਸਾਨਾ, One Page Story/ Half Page Story | ਕਹਾਣੀ, ਕਥਾ, Story/Short Story |

## ਮਿੰਨੀ ਕਹਾਣੀ ਅਤੇ ਨਾਵਲ ਦੀ ਤੁਲਨਾ

| ਲੜੀ ਨੰਬਰ | ਪੱਖ | ਮਿੰਨੀ ਕਹਾਣੀ | ਨਾਵਲ |
|---|---|---|---|
| 1 | ਉਤਪਤੀ | ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪ੍ਰਯੋਗਵਾਦੀ ਲਹਿਰ ਦੌਰਾਨ | 19ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਪ੍ਰੈੱਸ ਦੇ ਆਉਣ ਨਾਲ, ਭਾਰਤੀ ਕਥਾ ਪਰੰਪਰਾ ਵਿਚੋਂ ਅਤੇ ਧਰਮ ਸੁਧਾਰ ਦੀ ਲੋੜ ਵਿਚੋਂ |
| 2 | ਮੁੱਢਲੀ ਪ੍ਰਵਿਰਤੀ | ਯਥਾਰਥਵਾਦੀ | ਧਰਮ ਸੁਧਾਰਵਾਦੀ |
| 3 | ਅਕਾਰ | 300 ਸ਼ਬਦ/ਲਘੂ | 40,000 ਸ਼ਬਦਾਂ ਤੋਂ ਉੱਪਰ/ਅਸੀਮਤ/ਬਹੁਤ ਵੱਡਾ |
| 4 | ਵਿਸ਼ਾ ਵਸਤੂ | ਮਨੁੱਖੀ ਜੀਵਨ ਦਾ ਇਕ ਪਲ | ਮਨੁੱਖੀ ਜੀਵਨ ਦਾ ਸਮੁੱਚ |
| *"ਮਿੰਨੀ ਕਹਾਣੀ ਜੀਵਨ ਨੂੰ ਟੋਟਿਆਂ ਅਤੇ ਛਿਣਾਂ ਵਿਚ ਪ੍ਰਸਤੁਤ ਕਰਦੀ ਹੈ।"* [12] | | | |
| *"ਨਾਵਲ ਇਨਸਾਨੀ ਜੀਵਨ ਦੀ ਸਮੁੱਚਤਾ ਨੂੰ ਕਾਫੀ ਹੱਦ ਤੱਕ ਆਪਣੇ ਕਲਾਵੇ ਵਿਚ ਲੈਂਦਾ ਹੈ।"* [13] | | | |
| 5 | ਵਿਸਥਾਰ | ਵਰਜਿਤ | ਲਾਜ਼ਮੀ |
| 6 | ਕਥਾਨਕ | ਸੀਮਤ ਆਕਾਰ ਵਾਲਾ ਅਤੇ ਸੰਜਮ ਵਾਲਾ | ਵਿਸਥਾਰ ਪੂਰਨ ਅਤੇ ਘਟਨਾਵਾਂ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕੀਤਾ ਜਾਂਦਾ ਹੈ |
| 7 | ਪਾਠਕ 'ਤੇ ਪ੍ਰਭਾਵ | ਤੀਖਣ ਪ੍ਰਭਾਵ | ਧੀਮੀ ਗਤੀ ਦਾ ਪਰ ਚਿਰਸਥਾਈ ਪ੍ਰਭਾਵ |
| 8 | ਪਾਤਰਾਂ ਦੀ ਗਿਣਤੀ | ਦੋ ਜਾਂ ਤਿੰਨ ਪਾਤਰ ਹੋ ਸਕਦੇ ਹਨ | ਅਣਗਿਣਤ ਪਾਤਰ ਹੋ ਸਕਦੇ ਹਨ |
| 9 | ਪਾਤਰ ਚਿਤਰਨ | ਅਸੰਭਵ | ਸੰਭਵ |
| 10 | ਬਿਰਤਾਂਤ ਦੀ ਚਾਲ | ਤੇਜ਼ | ਸਧਾਰਨ (ਬਹੁਤ ਧੀਮੀ ਵੀ ਹੋ ਸਕਦੀ ਹੈ ਤੇ ਤੇਜ਼ ਵੀ) |
| ***ਕਰਮਵੀਰ ਸਿੰਘ ਅਨੁਸਾਰ,*** *"ਮਿੰਨੀ ਕਹਾਣੀ ਦੀ ਚਾਲ (Tempo) ਤੇਜ਼ ਅਤੇ ਫੁਰਤੀਲੀ, ਗੋਲੀ ਦੀ ਗਤੀ ਵਾਂਗ ਹੋਣੀ ਚਾਹੀਦੀ ਹੈ।"* [14] | | | |
| 11 | ਘਟਨਾਵਾਂ | ਸੰਕੇਤਕ ਰੂਪ ਵਿਚ ਪੇਸ਼ ਹੁੰਦੀਆਂ ਹਨ | ਵਿਸਥਾਰ ਪੂਰਵਕ ਪੇਸ਼ ਹੁੰਦੀਆਂ ਹਨ |
| 12 | ਵਿਅੰਗ/ ਕਟਾਖ਼ਸ਼ | ਇਕ ਤੱਤ ਵਜੋਂ | ਇਕ ਗੁਣ ਵਜੋਂ ਜਾਂ ਵਿਧੀ ਵਜੋਂ |
| 13 | ਵਾਰਤਾਲਾਪ | ਕੇਵਲ ਕਥਾ ਦੇ ਪ੍ਰਵਾਹ ਲਈ ਲਾਜ਼ਮੀ | ਬਿਰਤਾਂਤ ਨੂੰ ਅੱਗੇ ਤੋਰਨ ਲਈ ਲਾਜ਼ਮੀ |
| 14 | ਦ੍ਰਿਸ਼ ਸਿਰਜਨਾ | ਬਹੁਤ ਘੱਟ ਮੌਕਿਆਂ 'ਤੇ | ਸਾਰੀ ਰਚਨਾ ਵਿਚ ਥਾਂ-ਥਾਂ ਉੱਪਰ |
| 15 | ਕਥਾ ਰਸ | ਲਾਜ਼ਮੀ | ਲਾਜ਼ਮੀ |
| *"ਇਸ (ਨਾਵਲ) ਵਿਚ ਕੋਈ ਸ਼ਕ ਨਹੀਂ ਕਿ ਕਹਾਣੀ ਨਾਲ ਇਸ ਵਿਧਾ (ਮਿੰਨੀ ਕਹਾਣੀ) ਦੀ ਸਾਂਝ ਕਥਾ ਅੰਸ਼ ਵਜੋਂ ਵਧੇਰੇ ਹੈ।"* [15] | | | |
| 16 | ਸਮਾਂ, ਸਥਾਨ ਅਤੇ ਕਾਰਜ ਦੀ ਏਕਤਾ | ਲਾਜ਼ਮੀ | ਲਾਜ਼ਮੀ |
| 17 | ਕਾਲ | ਬਹੁਤ ਘੱਟ ਮੌਕਿਆਂ ਤੇ ਪਿਛਲ ਝਾਤ ਦੀ ਜੁਗਤ ਦੀ ਵਰਤੋਂ | ਅਗਲ ਝਾਤ ਜਾਂ ਪਿਛਲ ਝਾਤ ਦੀ ਪੂਰਨ ਵਰਤੋਂ |
| 18 | ਉਦੇਸ਼ | ਕੇਵਲ ਸੰਕੇਤ ਅਤੇ ਉਦੇਸ਼ ਪਾਠਕ ਆਪ ਪਛਾਣਦਾ ਹੈ | ਉਦਸ਼ ਲਾਜ਼ਮੀ |
| 19 | ਉਪ-ਥੀਮ | ਅਸੰਭਵ | ਲਾਜ਼ਮੀ ਤੱਤ ਅਤੇ ਬਹੁਤ ਸਾਰੇ ਉਪ-ਥੀਮ ਹੋ ਸਕਦੇ ਹਨ |

| | | | |
|---|---|---|---|
| 20 | ਭਾਵਾਂ ਤੇ ਭਾਵਨਾਵਾਂ ਦੀ ਹੋਂਦ | ਲਾਜ਼ਮੀ | ਲਾਜ਼ਮੀ |
| 21 | ਸ਼ੈਲੀ ਦੀ ਹੋਂਦ | ਲਾਜ਼ਮੀ | ਲਾਜ਼ਮੀ |
| 22 | ਸ਼ਬਦਾਵਲੀ | ਤੋਲਵੀਂ ਅਤੇ ਚੁਨਿੰਦਾ ਸ਼ਬਦਾਵਲੀ | ਸ਼ਬਦਾਵਲੀ ਅਤੇ ਭਾਸ਼ਾ ਦੇ ਪ੍ਰਸੰਗ ਵਿਚ ਕੋਈ ਸੀਮਾ ਨਹੀਂ ਹੁੰਦੀ |

***ਕਰਮਵੀਰ ਸਿੰਘ ਅਨੁਸਾਰ,*** *"ਮਿੰਨੀ ਕਹਾਣੀ ਦੇ ਕਲਾ ਪੱਖ ਨੂੰ ਅਖਾਣ, ਮੁਹਾਵਰੇ, ਅਖਾਉਤਾਂ ਆਦਿ ਚਾਰ ਚੰਨ ਲਾ ਦਿੰਦੇ ਹਨ।"*[6]

| | | | |
|---|---|---|---|
| 23 | ਵਾਤਾਵਰਣ | ਇਕਹਿਰਾ ਵਾਤਾਵਰਣ ਜਾਂ ਦੇਸ਼ ਕਾਲ | ਪਾਤਰ ਇਕ ਤੋਂ ਵਧੇਰੇ ਦੇਸ਼ ਕਾਲਾਂ ਵਿਚ ਵਿਚਰਦੇ ਹਨ |
| 24 | ਉਦੇਸ਼ | ਕੋਈ ਸੁਨੇਹਾ ਦੇਣਾ ਅਤੇ ਮਨੋਰੰਜਨ ਕਰਨਾ | ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਨਾ ਅਤੇ ਮਨੋਰੰਜਨ ਕਰਨਾ |
| 25 | ਵਿਸ਼ੇ ਪ੍ਰਤੀ ਪਾਠਕ ਦਾ ਨਜ਼ਰੀਆ | ਵਿਸ਼ੇ ਪ੍ਰਤੀ ਜਗਿਆਸਾ ਤ੍ਰਿਪਤ ਕਰਨਾ | ਵਿਸ਼ੇ ਪ੍ਰਤੀ ਚੇਤਨਾ ਪੈਦਾ ਹੁੰਦੀ ਹੈ |
| 26 | ਸਿਰਲੇਖ | ਮਿੰਨੀ ਕਹਾਣੀ ਦਾ ਸਾਰਅੰਸ਼ ਹੁੰਦਾ ਹੈ | ਨਾਵਲ ਦਾ ਕੇਂਦਰੀ ਭਾਵ ਹੁੰਦਾ ਹੈ |
| 27 | ਘਟਨਾਵਾਂ ਦਾ ਸੰਦਰਭ | ਘਟਨਾਵਾਂ ਮਨੁੱਖ ਦੇ ਸੰਦਰਭ ਵਿਚ | ਘਟਨਾਵਾਂ ਇਤਿਹਾਸਕ ਸੰਦਰਭ ਵਿਚ |
| 28 | ਸਮਾਨ ਅਰਥੀ ਸ਼ਬਦ | ਲਘੂ ਕਥਾ, ਬਿੰਦੂ ਕਹਾਨੀ, One Page Story/ Half Page Story | ਉਪਨਿਆਸ, Novel |

## ਮਿੰਨੀ ਕਹਾਣੀ ਅਤੇ ਨਾਵਲੈਟ ਦੀ ਤੁਲਨਾ

| ਲੜੀ ਨੰਬਰ | ਪੱਖ | ਮਿੰਨੀ ਕਹਾਣੀ | ਨਾਵਲ |
|---|---|---|---|
| 1 | ਉਤਪਤੀ | ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪ੍ਰਯੋਗਵਾਦੀ ਲਹਿਰ ਦੌਰਾਨ | ਵੀਹਵੀਂ ਸਦੀ ਦੇ ਸ਼ੁਰੂ ਵਿਚ ਨਾਵਲ ਵਿਚ ਕੀਤੇ ਪ੍ਰਯੋਗ ਵਜੋਂ ਲਘੂ ਨਾਵਲ ਦੇ ਰੂਪ ਵਿਚ |
| 2 | ਮੁੱਢਲੀ ਪ੍ਰਵਿਰਤੀ | ਯਥਾਰਥਵਾਦੀ | ਸਮਾਜ ਸੁਧਾਰਵਾਦੀ |
| 3 | ਅਕਾਰ | 300 ਸ਼ਬਦ/ਲਘੂ | ਆਮ ਤੌਰ 'ਤੇ ਨਿੱਕੀ ਕਹਾਣੀ ਤੋਂ ਵੱਡਾ ਅਤੇ ਨਾਵਲ ਤੋਂ ਛੋਟਾ/ 30,000 ਤੋਂ 50,000 ਸ਼ਬਦ |
| 4 | ਵਿਸ਼ਾ ਵਸਤੂ | ਮਨੁੱਖੀ ਜੀਵਨ ਦਾ ਇਕ ਪਲ/ਛਿਣ | ਮਨੁੱਖੀ ਜੀਵਨ ਦਾ ਵੱਡਾ ਅਤੇ ਗੌਲਣਯੋਗ ਹਿੱਸਾ |
| 5 | ਵਿਸਥਾਰ | ਵਰਜਿਤ | ਆਮ ਤੌਰ 'ਤੇ ਲਾਜ਼ਮੀ |
| 6 | ਕਥਾਨਕ | ਸੀਮਤ ਆਕਾਰ ਵਾਲਾ ਅਤੇ ਸੰਜਮ ਵਾਲਾ | ਵਿਸਥਾਰ ਪੂਰਨ |
| 7 | ਪਾਠਕ 'ਤੇ ਪ੍ਰਭਾਵ | ਤੀਖਣ ਪ੍ਰਭਾਵ | ਸਧਾਰਨ ਅਤੇ ਚਿਰਸਥਾਈ ਪ੍ਰਭਾਵ |
| 8 | ਪਾਤਰਾਂ ਦੀ ਗਿਣਤੀ | ਦੋ ਜਾਂ ਤਿੰਨ ਪਾਤਰ ਹੋ ਸਕਦੇ ਹਨ | ਕਿੰਨੇ ਵੀ ਪਾਤਰ ਹੋ ਸਕਦੇ ਹਨ |
| 9 | ਪਾਤਰ ਚਿਤਰਨ | ਅਸੰਭਵ | ਸੰਭਵ |
| 10 | ਬਿਰਤਾਂਤ ਦੀ ਚਾਲ | ਤੇਜ਼ ਅਤੇ ਤਿੱਖੀ | ਧੀਮੀ ਵੀ ਹੋ ਸਕਦੀ ਹੈ ਤੇ ਤੇਜ਼ ਵੀ |

| | | | |
|---|---|---|---|
| 11 | **ਘਟਨਾਵਾਂ** | ਸੰਕੇਤਕ ਰੂਪ ਵਿਚ ਪੇਸ਼ ਹੁੰਦੀਆਂ ਹਨ | ਸੀਮਤ ਵਿਸਥਾਰ ਦਿੱਤਾ ਜਾ ਸਕਦਾ ਹੈ |
| 12 | **ਵਿਅੰਗ/ਕਟਾਖ਼ਸ਼** | ਇਕ ਤੱਤ ਵਜੋਂ | ਇਕ ਗੁਣ ਵਜੋਂ ਜਾਂ ਵਿਧੀ ਵਜੋਂ |
| 13 | **ਵਾਰਤਾਲਾਪ** | ਕੇਵਲ ਕਥਾ ਦੇ ਪ੍ਰਵਾਹ ਲਈ ਲਾਜ਼ਮੀ | ਬਿਰਤਾਂਤ ਨੂੰ ਅੱਗੇ ਤੋਰਨ ਲਈ ਲਾਜ਼ਮੀ |
| 14 | **ਦ੍ਰਿਸ਼ ਸਿਰਜਨਾ** | ਬਹੁਤ ਘੱਟ ਮੌਕਿਆਂ ’ਤੇ | ਲੋੜ ਅਨੁਸਾਰ ਦ੍ਰਿਸ਼ ਸਿਰਜਨਾ |
| 15 | **ਕਥਾ ਰਸ** | ਲਾਜ਼ਮੀ | ਲਾਜ਼ਮੀ |
| 16 | **ਸਮਾਂ, ਸਥਾਨ ਅਤੇ ਕਾਰਜ ਦੀ ਏਕਤਾ** | ਲਾਜ਼ਮੀ | ਲਾਜ਼ਮੀ |
| 17 | **ਕਾਲ** | ਬਹੁਤ ਘੱਟ ਮੌਕਿਆਂ ਤੇ ਪਿਛਲ ਝਾਤ ਦੀ ਜੁਗਤ ਦੀ ਵਰਤੋਂ | ਅਗਲ ਝਾਤ ਜਾਂ ਪਿਛਲ ਝਾਤ ਦੀ ਲੋੜ ਅਨੁਸਾਰ ਵਰਤੋਂ |
| 18 | **ਉਦੇਸ਼** | ਕੇਵਲ ਸੰਕੇਤ ਅਤੇ ਉਦੇਸ਼ ਪਾਠਕ ਆਪ ਪਛਾਣਦਾ ਹੈ | ਉਦਸ਼ ਲਾਜ਼ਮੀ |
| 19 | **ਉਪ-ਥੀਮ** | ਅਸੰਭਵ | ਸੀਮਤ ਗਿਣਤੀ ਦੇ ਉਪ-ਥੀਮ ਸੰਭਵ |
| 20 | **ਸ਼ੈਲੀ** | ਵਿਅੰਗਮਈ, ਪ੍ਰਤੀਕਾਤਮਕ ਅਤੇ ਸੰਕੇਤਮਈ ਸ਼ੈਲੀ | ਯਥਾਰਥਵਾਦੀ, ਪ੍ਰਗਤੀਵਾਦੀ ਅਤੇ ਰੋਮਾਂਸਵਾਦੀ ਸ਼ੈਲੀ |
| 21 | **ਸ਼ਬਦਾਵਲੀ** | ਤੋਲਵੀਂ ਅਤੇ ਚੁਨਿੰਦਾ ਸ਼ਬਦਾਵਲੀ | ਸ਼ਬਦਾਵਲੀ ਅਤੇ ਭਾਸ਼ਾ ਦੇ ਪ੍ਰਸੰਗ ਵਿਚ ਕੋਈ ਸੀਮਾ ਨਹੀਂ ਹੁੰਦੀ |
| 22 | **ਥੀਮਕ ਵਿਕਾਸ ਅਤੇ ਅੰਤ** | ਨਿਸ਼ਚਿਤ | ਅਣਕਿਆਸਿਆ ਅਤੇ ਲਕੀਰੀ |
| 23 | **ਘਟਨਾਵਾਂ** | ਕੇਵਲ ਇਕ ਘਟਨਾ | ਇਕ ਘਟਨਾ ਦੂਜੀ ਨੂੰ ਜਨਮ ਦਿੰਦੀ ਹੈ |
| 24 | **ਸਮਾਨ ਅਰਥੀ ਸ਼ਬਦ** | ਲਘੂ ਕਥਾ, ਬਿੰਦੂ ਕਹਾਨੀ, One Page Story/ Half Page Story | ਉਪਨਿਆਸ, Novella |

ਆਕਾਰ ਦੇ ਆਧਾਰ ’ਤੇ ਗਲਪੀ ਰੂਪਾਕਾਰ ਨਿੱਕੀ ਕਹਾਣੀ ਅਤੇ ਨਾਵਲੈੱਟ ਦੇ ਵਿਚਕਾਰ ਇਕ ਹੋਰ ਗਲਪੀ ਰੂਪਾਕਾਰ ਕਹਾਣੀ ਜਾਂ ਲੰਮੀ ਕਹਾਣੀ ਹੈ। ਥੀਮਕ ਪਸਾਰ ਅਤੇ ਸੰਰਚਨਾਤਮਕ ਪਸਾਰ ਦੇ ਪੱਖ ਤੋਂ ਲੰਮੀ ਕਹਾਣੀ ਅਤੇ ਨਿੱਕੀ ਕਹਾਣੀ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ। ਇਸ ਕਰਕੇ ਮਿੰਨੀ ਕਹਾਣੀ ਦੇ ਪ੍ਰਸੰਗ ਵਿਚ ਇਹਨਾਂ ਨੂੰ ਇਕ ਹੀ ਸ਼੍ਰੇਣੀ ਵਿਚ ਰੱਖ ਕੇ ਵਿਚਾਰਿਆ ਜਾਂਦਾ ਹੈ।

ਸਾਹਿਤ ਦੇ ਗਲਪ ਰੂਪ ਵਿਚ ਪੰਜ ਰੂਪਾਕਾਰਾਂ ਨਾਵਲ, ਨਾਵਲੈੱਟ, ਲੰਮੀ ਕਹਾਣੀ, ਨਿੱਕੀ ਕਹਾਣੀ ਅਤੇ ਮਿੰਨੀ ਕਹਾਣੀ ਨੂੰ ਵਿਚਾਰਿਆਂ ਜਾਂਦਾ ਹੈ। ਗਲਪੀ ਵਿਧਾਵਾਂ ਅਤੇ ਬਿਰਤਾਂਤਕ ਵਿਧਾਵਾਂ ਹੋਣ ਦੇ ਨਾਤੇ ਇਹਨਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ ਪ੍ਰੰਤੂ ਵੱਖਰੇ ਸਰੂਪ ਅਤੇ ਢਾਂਚੇ ਵਾਲੇ ਰੂਪਾਕਾਰ ਹੋਣ ਦੇ ਨਾਤੇ ਇਹਨਾਂ ਵਿਚ ਬਹੁਤ ਸਾਰੇ ਵਖਰੇਵੇਂ ਵੀ ਵੇਖੇ ਜਾ ਸਕਦੇ ਹਨ। ਇਹਨਾਂ ਵਖਰੇਵਿਆਂ ਕਰਕੇ ਹੀ ਇਹਨਾਂ ਦੀ ਵਿਲੱਖਣਤਾ ਨਿਸ਼ਚਿਤ ਹੁੰਦੀ ਹੈ। ਜੇਕਰ ਕਿਸੇ ਇਕ ਗਲਪੀ ਰੂਪਾਕਾਰ ਦਾ ਲੇਖਕ ਦੂਸਰੇ ਗਲਪੀ ਰੂਪਾਕਾਰ ਉੱਪਰ ਆਪਣਾ ਹੱਥ ਅਜ਼ਮਾਉਣ ਦਾ ਇੱਛੁਕ ਹੁੰਦਾ ਹੈ ਤਾਂ ਉਸ ਲਈ ਉਸ ਨੂੰ ਚੇਤੰਨ ਰੂਪ ਵਿਚ ਵੱਖਰੀਆਂ ਰੂਪਾਕਰਕ ਜੁਗਤਾਂ ਰਾਹੀਂ ਅਤੇ ਵਿਸ਼ਾ-ਵਸਤੂ ਦੇ ਨਿਭਾਅ ਦੇ ਵਿਭਿੰਨ ਢੰਗ-ਤਰੀਕਿਆਂ ਰਾਹੀਂ ਸਿਰਜਣਾ ਨੂੰ ਨੇਪਰੇ ਚਾੜ੍ਹਨਾ ਲਾਜ਼ਮੀ ਹੋ ਜਾਂਦਾ ਹੈ। ਸਾਹਿਤ ਆਲੋਚਨਾ ਦੇ ਖੇਤਰ ਵਿਚ ਤਾਂ ਇਹ ਹੋਰ ਵੀ ਜ਼ਰੂਰੀ ਹੈ। ਉਪਰੋਕਤ ਤਮਾਮ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਸਾਰੇ ਗਲਪੀ ਰੂਪਾਕਾਰਾਂ ਦੀ ਵਿਲੱਖਣਤਾ ਅਤੇ ਭਿੰਨਤਾ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ।

## ਹਵਾਲੇ ਅਤੇ ਟਿੱਪਣੀਆਂ


1. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ, ਸਿਧਾਂਤ ਅਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ: 14
2. ਕਰਮਵੀਰ ਸਿੰਘ, ਪੰਜਾਬੀ ਮਿੰਨੀ ਕਹਾਣੀ: ਨਿਕਾਸ ਤੇ ਵਿਕਾਸ, ਭਾਸ਼ਾ ਵਿਭਾਗ, ਪੰਜਾਬ, 1998, ਪੰਨਾ: 7
3. ਜਗਦੀਸ਼ ਅਰਮਾਨੀ (ਸ਼ੰਪਾ), ਪੰਜਾਬੀ ਮਿੰਨੀ ਕਹਾਣੀ- ਇਕ ਅਧਿਐਨ, ਖੁਸ਼ਬੂ ਪ੍ਰਕਾਸ਼ਨ, ਪਟਿਆਲਾ, 1993, ਪੰਨਾ: 60
4. ਜਗਦੀਸ਼ ਅਰਮਾਨੀ, ਉਹੀ, ਪੰਨਾ: 34
5. ਡਾ. ਅਮਰ ਕੋਮਲ, ਮਿੰਨੀ ਕਹਾਣੀ ਦਾ ਕਥਾ ਸ਼ਾਸਤਰ, ਕਿਰਨ ਪ੍ਰਕਾਸ਼ਨ, ਬਰਨਾਲਾ, 1992, ਪੰਨਾ: 44
6. ਹਰਪ੍ਰੀਤ ਸਿੰਘ ਰਾਣਾ (ਸੰਪਾ) ਮਾਰੂਥਲ ਦੇ ਰਾਹੀ, ਪ੍ਰਕਾਸ਼ਕ ਕਰਤਾਰ ਸਿੰਘ ਰਾਣਾ, 713, ਤ੍ਰਿਪੜੀ ਟਾਊਨ, ਪਟਿਆਲਾ, 1994, ਪੰਨਾ: 65
7. ਜਗਦੀਸ਼ ਅਰਮਾਨੀ, ਉਹੀ, ਪੰਨਾ: 14
8. ਜਗਦੀਸ਼ ਅਰਮਾਨੀ, ਉਹੀ, ਪੰਨਾ: 14
9. ਡਾ. ਅਨੂਪ ਸਿੰਘ, ਮਿੰਨੀ ਕਹਾਣੀ ਸੀਮਾ ਤੇ ਸੰਭਾਵਨਾਵਾਂ, ਮਿੰਨੀ ਪ੍ਰਕਾਸ਼ਨ, ਅੰਮ੍ਰਿਤਸਰ, 1994. ਪੰਨਾ: 9
10. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 ਪੰਨਾ: 28
11. ਡਾ. ਅਮਰ ਕੋਮਲ, ਪੰਜਾਬੀ ਕਹਾਣੀ ਦਾ ਨਵਾਂ ਰੂਪ: ਮਿੰਨੀ ਕਹਾਣੀ, ਖੋਜ ਪੱਤ੍ਰਿਕਾ ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ: 339
12. ਮਹਿਤਾਬ-ਉਦ-ਦੀਨ, ਪੰਜਾਬੀ ਮਿੰਨੀ ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਾਵਾਂ, ਸਤਵੰਤ ਪ੍ਰਕਾਸ਼ਨ, ਜਲੰਧਰ, 1988, ਪੰਨਾ: 79
13. ਮਹਿਤਾਬ-ਉਦ-ਦੀਨ, ਪੰਜਾਬੀ ਮਿੰਨੀ ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਾਵਾਂ, ਸਤਵੰਤ ਪ੍ਰਕਾਸ਼ਨ, ਜਲੰਧਰ, 1988, ਪੰਨਾ: 79
14. ਕਰਮਵੀਰ ਸਿੰਘ, ਪੰਜਾਬੀ ਮਿੰਨੀ ਕਹਾਣੀ: ਨਿਕਾਸ ਤੇ ਵਿਕਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998, ਪੰਨਾ: 26
15. ਜਗਦੀਸ਼ ਅਰਮਾਨੀ, ਪੰਜਾਬੀ ਮਿੰਨੀ ਕਹਾਣੀ ਇਕ ਅਧਿਅਨ, ਖੁਸ਼ਬੂ ਪ੍ਰਕਾਸ਼ਨ, ਪਟਿਆਲਾ, 1993, ਪੰਨਾ: 14
16. ਕਰਮਵੀਰ ਸਿੰਘ, ਪੰਜਾਬੀ ਮਿੰਨੀ ਕਹਾਣੀ: ਨਿਕਾਸ ਤੇ ਵਿਕਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998, ਪੰਨਾ: 27



**Cite this Article-**

*ਡਾ. ਗੁਰਪ੍ਰੀਤ ਸਿੰਘ (Dr. Gurpreet Singh), ਮਿੰਨੀ ਕਹਾਣੀ ਅਤੇ ਦੂਜੇ ਗਲਪੀ ਰੂਪਾਕਾਰ: ਤੁਲਨਾਤਮਕ ਅਧਿਐਨ (MINNI KAHANI ATE DOOJE GALPI ROOPAKAAR: TULNATMAK ADHIYAIN), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 34-41.*

**Journal URL: www.armaan.org.in**

**DOI: https://doi.org/10.64119/armaan.vol.3.issue2.07**



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*